ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ:) ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ ਫੇਜ-8 ਐਸ.ਏ.ਐਸ. ਨਗਰ
(ਦਫਤਰੀ ਅਮਲਾ-ਸਾਖਾ)

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ)/(ਐਸਿ),
ਪੰਜਾਬ।

ਮੀਮੋ ਨੰ: 3/7-2019 ਦਅ (6) 41410
ਮਿਤੀ : 05-12-2019

ਵਿਸ਼ਾ: ਦਰਜਾ ਚਾਰ (ਦਸਵੀਂ ਪਾਸ) ਤੋਂ ਬਤੌਰ ਐਸ.ਐਲ.ਏ. ਅਤੇ ਲਾਇਬ੍ਰੇਰੀ ਰਿਸਟੋਰਰ ਦੀ ਪਦਉਨਤੀ ਕਰਨ ਸਬੰਧੀ।

ਹਵਾਲਾ: ਇਸ ਦਫਤਰ ਦੇ ਪੱਤਰ ਨੰ: 3/7-2019 ਦਅ(6) ਮਿਤੀ 25-10-2019 ਦੇ ਹਵਾਲੇ ਵਿੱਚ।

ਉਪਰੋਕਤ ਹਵਾਲਾ ਅਧੀਨ ਪੱਤਰ ਰਾਹੀਂ ਦਰਜਾ ਚਾਰ (ਦਸਵੀਂ ਪਾਸ) ਤੋਂ ਬਤੌਰ ਐਸ.ਐਲ.ਏ. ਅਤੇ ਲਾਇਬ੍ਰੇਰੀ ਰਿਸਟੋਰਰ ਦੀ ਪਦਉਨਤੀਆਂ ਲਈ ਮਿਤੀ 20-8-2019 ਨੂੰ ਜਾਰੀ ਕੀਤੀ ਗਈ ਸੀਨੀਆਰਤਾ ਸੂਚੀ ਅਨੁਸਾਰ ਦੋਨੇ ਵਿਸ਼ਿਆਂ ਵਿੱਚ ਆਪਸ਼ਨ ਦੇਣ ਲਈ ਵਿਭਾਗ ਦੇ ਪੋਰਟਲ ਤੇ ਨਾਮ ਦਰਜ ਕਰਨ ਲਈ ਲਿਖਿਆ ਗਿਆ ਸੀ। ਵਿਭਾਗ ਦੇ ਪੋਰਟਲ ਵਿੱਚ ਜਿੰਨ੍ਹਾ ਕਰਮਚਾਰੀਆਂ ਵੱਲੋਂ ਇੱਕ ਵਿਸ਼ੇ ਵਿੱਚ ਆਪਸ਼ਨ ਦਿੱਤੀ ਹੈ ਜਾਂ ਫਿਰ ਜਿੰਨ੍ਹਾ ਕਰਮਚਾਰੀਆਂ ਦੀ ਸੀਨੀਆਰਤਾ ਸੂਚੀ ਵਿੱਚ ਸੀਨੀਆਰਤਾ ਦੇ ਅਧਾਰ ਤੇ ਆਪਣੀ ਆਪਸ਼ਨ ਨਹੀ ਦਿੱਤੀ, ਨੂੰ ਮਿਤੀ 12-12-2019 ਅਤੇ ਮਿਤੀ 13-12-2019 ਨੂੰ ਸਟੇਸ਼ਨ ਚੁਣਨ ਲਈ ਡਾਇਰੈਕਟੋਰੇਟ ਵਿਖੇ ਹਾਜਰ ਹੋਣ ਲਈ ਲਿਖਿਆ ਜਾਂਦਾ ਹੈ ਜਿੰਨ੍ਹਾ ਦਾ ਸ਼ਡਿਊਲ ਹੇਠ ਲਿਖੇ ਅਨੁਸਾਰ ਹੈ:-

| ਲੜੀ ਨੰ: | ਜਿਸ ਕਾਡਰ ਦੀ ਪਦਉਨਤੀ | ਮਿਤੀ | ਜਨਰਲ ਕੈਟਾਗਰੀ | ਐਸ.ਸੀ.ਕੈਟਾਗਰੀ | ਅੰਗਹੀਣ ਕੈਟਾਗਰੀ |
|---|---|---|---|---|---|
| 1 | ਐਸ.ਐਲ.ਏ | 12-12-2019 | ਸੀਨੀ.ਨੰ: 1 ਤੋ 200 ਤੱਕ (ਸਮਾਂ: 9:00 ਵਜੇ ਤੋਂ 1:30 ਤੱਕ)<br>ਸੀਨੀ.ਨੰ: 201 ਤੋਂ 400 ਤੱਕ (ਸਮਾਂ 2:00 ਵਜੇ ਤੋਂ 5:00 ਵਜੈ ਤੱਕ) | ਸੀਨੀ.ਨੰ: 500 ਤੱਕ( ਸਮਾਂ 9:00 ਵਜੇ ਤੋਂ 1:30 ਵਜੇ ਤੱਕ)<br>ਸੀਨੀ.ਨੰ: 600 ਤੱਕ (ਸਮਾਂ 2:00 ਵਜੇ ਤੇ 5:00 ਵਜੇ ਤੱਕ) | ਸੀਨੀ.ਨੰ: 650 ਤੱਕ (ਸਮਾਂ 9:00 ਵਜੇ ਤੋਂ 1:30 ਤੱਕ)<br>ਸੀਨੀ.ਨੰ: 900 ਤੱਕ (ਸਮਾਂ 2:00 ਵਜੇ ਤੋਂ 5:00 ਵਜੈ ਤੱਕ) |
| 2 | ਲਾਇਬ੍ਰੇਰੀ ਰਿਸਟੋਰਰ | 13-12-2019 | ਸੀਨੀ.ਨੰ: 1 ਤੋ 200 ਤੱਕ (ਸਮਾਂ: 9:00 ਵਜੇ ਤੋਂ 1:30 ਤੱਕ)<br>ਸੀਨੀ.ਨੰ: 201 ਤੋਂ 400 ਤੱਕ (ਸਮਾਂ 2:00 ਵਜੇ ਤੋਂ 5:00 ਵਜੈ ਤੱਕ) | ਸੀਨੀ.ਨੰ: 500 ਤੱਕ( ਸਮਾਂ 9:00 ਵਜੇ ਤੋਂ 1:30 ਵਜੇ ਤੱਕ)<br>ਸੀਨੀ.ਨੰ: 600 ਤੱਕ (ਸਮਾਂ 2:00 ਵਜੇ ਤੇ 5:00 ਵਜੇ ਤੱਕ) | ਸੀਨੀ.ਨੰ: 650 ਤੱਕ (ਸਮਾਂ 9:00 ਵਜੇ ਤੋਂ 1:30 ਤੱਕ)<br>ਸੀਨੀ.ਨੰ: 900 ਤੱਕ (ਸਮਾਂ 2:00 ਵਜੇ ਤੋਂ 5:00 ਵਜੈ ਤੱਕ) |

ਉਕਤ ਕਾਡਰਾਂ ਦੀ ਅਸਾਮੀਆਂ ਲਈ ਪਦਉਨਤੀ ਲੈਣ ਲਈ ਸਟੇਸ਼ਨ ਦੀ ਚੋਣ ਕਰਨ ਸਮੇਂ ਕਰਮਚਾਰੀ ਨਿਮਨ ਲਿਖਤ ਦਸਤਾਵੇਜ ਸਕੂਲ ਮੁਖੀ ਪਾਸੋਂ ਤਸਦੀਕ ਕਰਵਾ ਕੇ ਨਾਲ ਲੈ ਕੇ ਆਉਣਗੇ:-

1) ਦਸਵੀਂ ਪਾਸ ਦੇ ਸਰਟੀਫਿਕੇਟ/ਡਿਟੇਲ ਮਾਰਕਸ ਦੀ ਤਸਦੀਕੀ ਕਾਪੀ।

2) ਸ਼ਿਕਾਇਤ/ਪੜਤਾਲ ਪੈਡਿੰਗ ਨਾ ਹੋਣ ਅਤੇ ਰੂਲ 8 ਅਧੀਨ ਦੋਸ਼ ਸੂਚੀ ਪੈਡਿੰਗ ਨਾ ਹੋਣ ਬਾਰੇ ਸਰਟੀਫਿਕੇਟ।

ਨੋਟ:- 1) ਦਰਜਾ ਚਾਰ ਕਰਮਚਾਰੀਆਂ ਵੱਲੋਂ ਉਕਤ ਮਿਤੀਆਂ ਨੂੰ ਸਟੇਸ਼ਨ ਚੋਣ ਕਰ ਲੈਣ ਕਾਰਨ ਉਹਨਾਂ ਦਾ ਪਦਉਨਤੀ ਲਈ ਕਲੇਮ ਨਹੀ ਬਣੇਗਾ ਕਿਉਂਕਿ ਵਿਭਾਗ ਵੱਲੋਂ ਉਕਤ ਕਾਡਰਾਂ ਵਿੱਚ ਉਪਲਬਧ ਅਸਾਮੀਆਂ ਤੇ ਹੀ ਪਦਉਨਤੀਆਂ ਕੀਤੀਆਂ ਜਾਣੀਆਂ ਹਨ।

2) ਮਿਤੀ 20-8-2019 ਨੂੰ ਜਾਰੀ ਕੀਤੀ ਗਈ ਦਰਜਾ ਚਾਰ (ਦਸਵੀਂ ਪਾਸ) ਕਰਮਚਾਰੀਆਂ ਦੀ ਸੀਨੀਆਰਤਾ ਸੂਚੀ ਮੁਤਾਬਿਕ ਜਿਹੜੇ ਦਰਜਾ ਚਾਰ ਕਰਮਚਾਰੀ ਜਿੰਨ੍ਹਾ ਦੀ ਉਮਰ 58 ਸਾਲ ਤੋਂ ਵੱਧ ਹੋ ਗਈ ਹੈ ਭਾਵ ਜਿਹੜੇ ਕਰਮਚਾਰੀ 59 ਜਾਂ 60 ਸਾਲ ਦੀ ਉਮਰ ਵਿੱਚ ਨੌਕਰੀ ਵਿੱਚ ਹਨ, ਉਹਨਾ ਐਸ.ਐਲ.ਏ./ਲਾਇਬ੍ਰੇਰੀ ਰਿਸਟੋਰਰ ਦੀ ਪਦਉਨਤੀ ਲਈ ਪਾਤਰ ਨਹੀ ਹਨ ਅਤੇ ਅਜਿਹੇ ਕਰਮਚਾਰੀਆਂ ਨੂੰ ਉਕਤ ਮਿਤੀਆਂ ਨੂੰ ਸਟੇਸ਼ਨ ਚੁਣਨ ਲਈ ਆਉਣ ਦੀ ਜਰੂਰਤ ਨਹੀ।

ਸੁਪਰਡੰਟ ਦਫਤਰੀ ਅਮਲਾ

ਪਿੱਠ ਅੰਕਣ ਨੰ: ਉਕਤ ਮਿਤੀ: 5-12-2019

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਹਿੱਤ ਭੇਜਿਆ ਜਾਂਦਾ ਹੈ:-

1) ਪੀ.ਆਰ.ਓ/ ਸਕੱਤਰ ਸਕੂਲ ਸਿੱਖਿਆ ਜੀ।
2) ਪੀ.ਏ.ਟੂ ਡੀ.ਪੀ.ਆਈ.(ਸੈਸਿ) ਪੰਜਾਬ।
3) ਪੀ.ਏ.ਟੂ ਡਿਪਟੀ ਡਾਇਰੈਕਟਰ ਪ੍ਰਸ਼ਾਸਨ।

ਸੁਪਰਡੰਟ ਦਫਤਰੀ ਅਮਲਾ

Scanned with CamScanner